***ਪੰਜਾਬ* ਇੰਡਸਟਰੀਅਲ ਫੈਸੀਲੀਟੇਸ਼ਨ ਐਕਟ-2005 ਤਹਿਤ ਗੱਠਤ ਜਿਲ੍ਹਾ ਪੱਧਰੀ ਸਿੰਗਲ ਵਿੰਡੋ ਕਲੀਅਰੈਸ ਕਮੇਟੀ ਦੀ ਮਿਤੀ 29-03-2011 ਨੂੰ ਸ਼ਾਮ 4.30 ਵਜੇ ਬਚਤ ਭਵਨ, ਲੁਧਿਆਣਾ ਵਿਖੇ ਮਾਣਯੋਗ ਡਿਪਟੀ ਕਮਿਸ਼ਨਰ, ਲੁਧਿਆਣਾ ਜੀ ਦੀ ਪ੍ਰਧਾਨਗੀ ਹੇਠ ਹੋਈ 11ਵੀ ਮੀਟਿੰਗ ਦੀ ਕਾਰਵਾਈ ਰਿਪੋਰਟ।**

ਮੀਟਿੰਗ ਵਿੱਚ ਭਾਗ ਲੈਣ ਵਾਲੇ ਅਧਿਕਾਰੀਆਂ/ਐਸੋਸੀਏਸ਼ਨ ਦੇ ਨੁਮਾਂਇੰਦਆਂ ਦੀ ਸੂਚੀ (**ਅਨੈਕਚਰ-ਏ** ) ਤੇ ਨੱਥੀ ਹੈ।

**ਅਜੰਡਾ ਆਈਟਮ ਨੰ: 11.1**

**ਮਿਤੀ 06-12-2010** ਨੂੰ ਹੋਈ ਮੀਟਿੰਗ ਦੀ ਕਾਰਵਾਈ ਪ੍ਰਵਾਨ ਕਰਨ ਬਾਰੇ।

ਜਿਲ੍ਹਾ ਪੱਧਰੀ ਸਿੰਗਲ ਵਿੰਡੋ ਕਲੀਅਰੈਸ ਕਮੇਟੀ ਦੀ 10ਵੀਂ ਮੀਟਿੰਗ ਮਿਤੀ 06-12-10 ਦੀ ਕਾਰਵਾਈ ਰਿਪੋਰਟ ਅਤੇ ਮਿਤੀ 07-02-2011 ਨੂੰ ਹੋਈ ਸਪੈਸ਼ਲ ਮੀਟਿੰਗ ਦੀ ਕਾਰਵਾਈ ਰਿਪੋਰਟ ਸਬੰਧਤ ਵਿਭਾਗਾਂ ਨੂੰ ਅਤੇ ਉਦਯੋਗਿਕ ਐਸੋਸੀਏਸ਼ਨਾਂ ਨੂੰ ਜ.ਮ,ਜਿ:ਉ:ਕੇ:,ਲੁਧਿਆਣਾ ਦੇ ਪੱਤਰ ਨੰ: 6872-84 ਮਿਤੀ 29-12-10 ਅਤੇ ਪੱਤਰ ਨੰ: 1371-75 ਮਿਤੀ 16-02-2011 / ਈ-ਮੇਲ ਰਾਹੀ ਭੇਜੀਆਂ ਗਈਆਂ ਸਨ ਪਰੰਤੂ ਕਿਸੇ ਵੀ ਵਿਭਾਗ ਤੋ ਕੋਈ ਟਿੱਪਣੀ ਪ੍ਰਾਪਤ ਨਹੀ ਹੋਈ ਸੋ ਇਨ੍ਹਾਂ ਮੀਟਿੰਗਾਂ ਦੀਆਂ ਕਾਰਵਾਈ ਰਿਪੋਰਟਾਂ ਪ੍ਰਵਾਨ ਕਰਨ ਦਾ ਫੈਸਲਾ ਲਿਆ ਗਿਆ।

**ਅਜੰਡਾ ਆਈਟਮ ਨੰ:11.2 ਪੰਜਾਬ ਇੰਡਸਟਰੀਅਲ ਫੈਸੀਲੀਟੇਸ਼ਨ ਐਕਟ-2005 ਤਹਿਤ ਕੰਪੋਜਿਟ ਅਰਜ਼ੀਆਂ ਦੀ ਮੋਨੀਟਰਿੰਗ ਕਰਨ ਬਾਰੇ।**

ਜਨਰਲ ਮੈਨੇਜਰ, ਜਿ:ਉ:ਕੇ:,ਲੁਧਿਆਣਾ ਨੇ ਸੂਚਿਤ ਕੀਤਾ ਕਿ ਜਿਲ੍ਹੇ ਵਿੱਚ ਕਿਸੇ ਵੀ ਇਕਾਈ ਪਾਸੋ ਕੰਪੋਜ਼ਿਟ ਅਰਜ਼ੀ ਪ੍ਰਾਪਤ ਨਹੀ ਹੋਈ ਹੈ।

**ਅਜੰਡਾ ਆਈਟਮ ਨੰ:11.3 ਪੰਜਾਬ ਇੰਡਸਟਰੀਅਲ ਫੈਸੀਲੀਟੇਸ਼ਨ ਐਕਟ-2005 ਤਹਿਤ ਸੰਬੰਧਤ ਵਿਭਾਗਾਂ ਵੱਲੋ ਸਿੱਧੇ ਪ੍ਰਾਪਤ ਕੀਤੀਆਂ ਅਰਜੀਆਂ ਦੀ ਮੋਨੀਟਰਿੰਗ ਕਰਨ ਬਾਰੇ।**

ਵਿਭਾਗ ਵਾਈਜ ਪ੍ਰਾਪਤ ਅਰਜ਼ੀਆਂ ਦੀ ਪੜਚੋਲ ਕਰਦੇ ਹੋਏ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

## 1. ਜਿਲ੍ਹਾ ਉਦਯੋਗ ਕੇਦਰ,ਲੁਧਿਆਣਾ

**(ੳ) ਐਕਟ 1860 ਦੇ ਤਹਿਤ ਸੋਸਾਇਟੀਆਂ ਦੀ ਰਜਿਸਟਰੇਸ਼ਨ ਕਰਨ ਸਬੰਧੀ:-** ਜਨਰਲ ਮੈਨੇਜਰ, ਜਿ:ਉ:ਕੇ:,ਲੁਧਿਆਣਾ ਨੇ ਸੂਚਿਤ ਕੀਤਾ ਕਿ ਮਹੀਨਾ **02/2011** ਦੋਰਾਨ ਕੁੱਲ **84** ਅਰਜ਼ੀਆਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਦਾ ਨਿਪਟਾਰਾ ਮਿਥੇ ਸਮੇ ਅੰਦਰ ਕਰ ਦਿੱਤਾ ਗਿਆ ਹੈ।

**(ਅ) ਇੰਡਸਟਰੀਅਲ ਐਟਰਪ੍ਰੀਨਿਓਰ ਮੈਮੋਰੰਡਮ, ਈ.ਐਮ.ਪਾਰਟ-1 ਅਤੇ 2:-** ਮਹੀਨਾ 2/2011 ਦੋਰਾਨ **ਈ.ਐਮ.ਪਾਰਟ-1** ਤਹਿਤ ਕੁੱਲ 77 ਅਰਜੀਆਂ ਅਤੇ **ਈ.ਐਮ.ਪਾਰਟ-2** ਤਹਿਤ ਕੁੱਲ **108** ਅਰਜ਼ੀਆਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਦਾ ਨਿਪਟਾਰਾ ਮਿਥੇ ਸਮੇ ਅੰਦਰ ਕਰ ਦਿੱਤਾ ਗਿਆ ਹੈ।

ਵਿਭਾਗ ਦੀ ਪ੍ਰਗਤੀ ਤਸੱਲੀਬਖਸ਼ ਪਾਈ ਗਈ।

## 2. ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ

**(ੳ) ਕਨਸੈਟ ਟੂ ਇਸਟੈਬਲਿਸ਼ (ਐਨ.ਓ.ਸੀ.):-** ਐਕਸੀਅਨ, ਰਿਜ਼ਨਲ ਦਫਤਰ-1,2,3 ਅਤੇ 4 ਵੱਲੋ ਦਸਿਆ ਗਿਆ ਕਿ ਮਹੀਨਾ 2/2011 ਦੋਰਾਨ ਕੁੱਲ **33** ਅਰ਼ਜੀਆਂ ਵਿੱਚੋ **23** ਅਰ਼ਜੀਆਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਅਤੇ **10** ਅਰਜ਼ੀਆਂ ਮਿਥੇ ਸਮੇ ਅੰਦਰ ਦੀਆਂ ਪੈਡਿੰਗ ਹਨ।

**ਅ)** **<u>ਕਨਸੈਟ ਟੂ ਓਪਰੇਟ ਵਾਟਰ</u>:-** ਐਕਸੀਅਨ, ਰਿਜ਼ਨਲ ਦਫਤਰ-1,2,3 ਅਤੇ 4 ਵੱਲੋ ਦਸਿਆ ਗਿਆ ਕਿ ਮਹੀਨਾ 2/2011 ਦੋਰਾਨ ਕੁੱਲ **5** ਅਰਜੀਆਂ ਵਿੱਚੋ **4** ਅਰਜੀਆਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਅਤੇ **1** ਅਰਜ਼ੀ ਮਿਥੇ ਸਮੇ ਅੰਦਰ ਦੀ ਪੈਡਿੰਗ ਹੈ।

**(ਏ)** **<u>ਕਨਸੈਟ ਟੂ ਓਪਰੇਟ ਏਅਰ</u>:-** ਐਕਸੀਅਨ, ਰਿਜ਼ਨਲ ਦਫਤਰ-1,2,3 ਅਤੇ 4 ਵੱਲੋ ਦਸਿਆ ਗਿਆ ਕਿ ਮਹੀਨਾ 2/2011 ਦੋਰਾਨ ਕੁੱਲ **5** ਅਰਜੀਆਂ ਵਿੱਚੋ **4** ਅਰਜੀਆਂ ਦਾ ਨਿਪਟਾਰਾ ਮਿਥੇ ਸਮੇ ਅੰਦਰ ਕਰ ਦਿੱਤਾ ਗਿਆ ਹੈ ਅਤੇ **1**ਅਰਜ਼ੀ ਮਿਥੇ ਸਮੇ ਅੰਦਰ ਦੀ ਪੈਡਿੰਗ ਹੈ।

ਵਿਭਾਗ ਦੀ ਪ੍ਰਗਤੀ ਤਸੱਲੀਬਖਸ਼ ਪਾਈ ਗਈ।

## 3. <u>ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ</u>

**(ੳ)** **<u>ਡੀਮਾਂਡ ਨੋਟਿਸ</u>:-** ਐਕਸੀਅਨ, ਪੀ.ਐਸ.ਪੀ.ਸੀ.ਐਲ.ਈਸਟ ਸਰਕਲ ਵੈਸਟ ਸਰਕਲ, ਖੰਨਾ ਸਰਕਲ ਅਤੇ ਸਬ-ਅਰਬਨ ਸਰਕਲ ਵੱਲੋ ਦੱਸਿਆ ਗਿਆ ਕਿ ਡਿਮਾਂਡ ਨੋਟਿਸ ਜਾਰੀ ਕਰਨ ਲਈ ਮਹੀਨਾ 2/2011 ਦੋਰਾਨ **952** ਅਰਜ਼ੀਆਂ ਵਿੱਚੋ **334** ਅਰਜ਼ੀਆਂ ਮਿਥੇ ਸਮੇ ਦੋਰਾਨ ਕਲੀਅਰ ਕੀਤੀਆਂ ਗਈਆਂ ਹਨ ਅਤੇ **618** ਅਰਜ਼ੀਆਂ ਮਿਥੇ ਸਮੇ ਤੋ ਬਾਅਦ ਦੀਆਂ ਪੈਡਿੰਗ ਹਨ।

**(ਅ)** **<u>ਰਲੀਜ ਆਫ ਪਾਵਰ ਕੁਨੈਕਸ਼ਨ</u>:-** ਐਕਸੀਅਨ, ਪੀ.ਐਸ.ਪੀ.ਸੀ.ਐਲ.ਈਸਟ ਸਰਕਲ ਵੈਸਟ ਸਰਕਲ, ਖੰਨਾ ਸਰਕਲ ਅਤੇ ਸਬ-ਅਰਬਨ ਸਰਕਲ ਵੱਲੋ ਦੱਸਿਆ ਗਿਆ ਕਿ ਮਹੀਨਾ 2/2011 ਦੋਰਾਨ **904 ਅਰਜੀਆਂ** ਵਿੱਚੋ **266** ਅਰਜ਼ੀਆਂ ਮਿਥੇ ਸਮੇ ਦੋਰਾਨ ਕਲੀਅਰ ਕੀਤੀਆਂ ਗਈਆਂ ਹਨ ਅਤੇ **638** ਅਰਜ਼ੀਆਂ ਮਿਥੇ ਸਮੇ ਤੋ ਬਾਅਦ ਦੀਆਂ ਪੈਡਿੰਗ ਹਨ।

ਇਨ੍ਹਾਂ ਅਰਜ਼ੀਆਂ ਦੀ ਦੇਰੀ ਬਾਰੇ ਸਬੰਧਤ ਅਧਿਕਾਰੀ ਵੱਲੋ ਦਸਿਆ ਗਿਆ ਕਿ ਅਰਜ਼ੀਆਂ ਬਲਕ ਵਿੱਚ ਪ੍ਰਾਪਤ ਹੋਣ ਕਰਕੇ ਇਨ੍ਹਾਂ ਅਰਜ਼ੀਆਂ ਦਾ ਨਿਪਟਾਰਾ ਸਮੇ-ਸਿਰ ਨਹੀ ਹੋ ਸਕਿਆ। ਇਸ ਤੋ ਇਲਾਵਾ ਮਿਕਸਡ ਲੈਡ ਯੂਜ ਏਰੀਏ ਵਿੱਚ ਕਨੈਕਸ਼ਨ ਰਲੀਜ ਕਰਨ ਬਾਰੇ ਲਏ ਗਏ ਫੈਸਲੇ/ਮੀਟਿੰਗ ਦੀ ਕਾਰਵਾਈ ਹੁਣੇ ਹੀ ਜਾਰੀ ਹੋਈ ਹੈ।

ਚੇਅਰਮੈਨ ਜੀ ਵੱਲੋ ਆਦੇਸ਼ ਦਿੱਤੇ ਗਏ ਕਿ ਬਕਾਇਆ ਅਰਜੀਆਂ ਦਾ ਨਿਪਟਾਰਾ ਅਗਲੀ ਮੀਟਿੰਗ ਤੋ ਪਹਿਲਾਂ-ਪਹਿਲਾਂ ਕੀਤਾ ਜਾਵੇ।

**(ੲ)** **<u>ਫਿਜੀਬਿਲਟੀ ਕਲੀਅਰੈਸ</u>:-** ਐਕਸੀਅਨ, ਪੀ.ਐਸ.ਪੀ.ਸੀ.ਐਲ.ਈਸਟ ਸਰਕਲ ਵੈਸਟ ਸਰਕਲ, ਖੰਨਾ ਸਰਕਲ ਅਤੇ ਸਬ-ਅਰਬਨ ਸਰਕਲ ਵੱਲੋ ਦੱਸਿਆ ਗਿਆ ਕਿ ਫਿਜੀਬਿਲਟੀ ਕਲੀਅਰੈਸ ਤਹਿਤ ਮਹੀਨਾ 2/2011 ਤੱਕ ਕੁਲ **67** ਅਰਜੀਆਂ ਪੈਡਿੰਗ ਸਨ ਜਿਨ੍ਹਾਂ ਵਿੱਚੋ **5** ਅਰਜ਼ੀਆਂ ਕਲੀਅਰ ਕੀਤੀਆਂ ਗਈਆਂ ਹਨ ਅਤੇ **62** ਅਰਜ਼ੀਆਂ ਮਿਥੇ ਸਮੇ ਤੋ ਬਾਅਦ ਦੀਆਂ ਪੈਡਿੰਗ ਹਨ।

## 4 <u>ਆਬਕਾਰੀ ਤੇ ਕਰ ਵਿਭਾਗ</u>

**(ੳ)** **<u>ਵੈਟ ਦੀ ਰਜਿਸਟਰੇਸ਼ਨ ਸਬੰਧੀ</u>:-** ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਵੱਲੋ ਮੀਟਿੰਗ ਦੋਰਾਨ ਦਸਿਆ ਗਿਆ ਕਿ ਲੁਧਿਆਣਾ-1,2,3 ਅਤੇ 4 ਪਾਸ ਕੁੱਲ **911** ਅਰਜੀਆਂ ਸਨ ਜਿਨ੍ਹਾਂ ਵਿੱਚੋ **350**ਅਰਜ਼ੀਆਂ ਮਿਥੇ ਸਮੇ ਅੰਦਰ ਕਲੀਅਰ ਕੀਤੀਆਂ ਗਈਆਂ ਹਨ **561** ਅਰਜ਼ੀਆਂ ਮਿਥੇ ਸਮੇ ਅੰਦਰ ਦੀਆਂ ਪੈਡਿੰਗ ਹਨ।

**(ਅ)** **<u>ਰਿਫੰਡ ਅੰਡਰ ਵੈਟ</u>:-** ਵਿਭਾਗ ਦੇ ਅਧਿਕਾਰੀਆਂ ਵੱਲੋ ਮੀਟਿੰਗ ਦੋਰਾਨ ਦਸਿਆ ਗਿਆ ਕਿ ਲੁਧਿਆਣਾ-1,2,3 ਅਤੇ 4 ਪਾਸ ਕੁੱਲ **2395** ਅਰਜੀਆਂ ਸਨ ਜਿਨ੍ਹਾਂ ਵਿੱਚੋ **440** ਅਰਜ਼ੀਆਂ ਮਿਥੇ ਸਮੇ ਅੰਦਰ ਕਲੀਅਰ ਕੀਤੀਆਂ ਗਈਆਂ ਹਨ **1955** ਅਰਜ਼ੀਆਂ ਮਿਥੇ ਸਮੇ ਅੰਦਰ ਦੀਆਂ ਪੈਡਿੰਗ ਹਨ ਅਤੇ 32 .62 ਕਰੋੜ ਦਾ ਰਿਫੰਡ ਜਾਰੀ ਕੀਤਾ ਗਿਆ ਹੈ ਅਤੇ ਮਹੀਨਾ ਫਰਵਰੀ ਦੇ ਅੰਤ ਤੱਕ 1869 ਅਰਜੀਆਂ ਪੈਡਿੰਗ ਹਨ ਜਿਨ੍ਹਾਂ ਦੀ ਰਾਸ਼ੀ 103.75 ਕਰੋੜ ਬਣਦੀ ਹੈ। ਵਿਭਾਗ ਦੇ ਅਧਿਕਾਰੀਆਂ ਵੱਲੋ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਇਨਡੈਮਨਿਟੀ ਬਾਂਡ ਦੇ ਵਿਰੁੱਧ 75 ਪ੍ਰਤੀਸ਼ਤ ਵੈਟ ਰਿਫੰਡ ਜਾਰੀ ਕਰਨ ਦਾ ਨੋਟੀਫਿਕੇਸ਼ਨ ਸਰਕਾਰ ਵੱਲੋ ਜਾਰੀ ਹੋ ਗਿਆ ਹੈ ਅਤੇ ਇਸਦੇ ਤਹਿਤ ਰੂਲਜ ਵੀ ਨੋਟੀਫਾਈ ਹੋ ਰਹੇ ਹਨ। ਜਿਸ ਉਪਰੰਤ 75 ਪ੍ਰਤੀਸ਼ਤ ਵੈਟ ਰਿਫੰਡ ਇਨਡੈਮਨਿਟੀ ਬਾਂਡ ਵਿਰੁੱਧ ਦਿਤਾ ਜਾ ਸਕੇਗਾ।

## 5 <u>ਫੈਕਟਰੀਜ ਵਿਭਾਗ</u>

**(ੳ)** **<u>ਸਾਈਟ ਕਲੀਅਰੈਸ ਅਤੇ ਖਤਰਨਾਕ ਇਕਾਈਆਂ ਸਬੰਧੀ।</u>**

(ਅ) **ਫੈਕਟਰੀ ਸੁਰੂ ਕਰਨ ਸਮੇ ਲਾਇਸੈਸ ਸਬੰਧੀ।**

ਵਿਭਾਗ ਤੋ ਪ੍ਰਾਪਤ ਪੱਤਰ ਨੰ: 85 ਮਿਤੀ 1-3-11 ਰਾਹੀ ਸੂਚਿਤ ਕੀਤਾ ਗਿਆ ਹੈ ਕਿ ਮਹੀਨਾ 2/2011 ਦੌਰਾਨ ਲੁਧਿਆਣਾ 1 ਤੋ 7 ਤੱਕ ਕਿਸੇ ਸਰਕਲ ਪਾਸ ਕੋਈ ਕੇਸ ਪ੍ਰਾਪਤ ਨਹੀ ਹੋਇਆ ਹੈ

## 6. ਜਿਲਾ ਨਗਰ ਯੋਜਨਾਕਾਰ ,ਲੁਧਿਆਣਾ।

ਵਿਭਾਗ ਦੇ ਅਧਿਕਾਰੀ ਵੱਲੋ ਮਹੀਨਾ 2/2011 ਦੀ ਰਿਪੋਰਟ ਨਿਲ ਸੂਚਿਤ ਕੀਤੀ ਗਈ ਹੈ।

## ਅਜੰਡਾ ਆਈਟਮ ਨੰ: 11.4 ਉਦਯੋਗਿਕ ਇਕਾਈਆਂ ਨੂੰ ਪੇਸ਼ ਆ ਰਹੀਆਂ ਔਕੜਾਂ ਨੂੰ ਰੀਵਿਊ ਕਰਨ ਬਾਰੇ-

ਉਦਯੋਗਿਕ ਇਕਾਈਆਂ ਨੂੰ ਪੇਸ਼ ਆ ਰਹੀਆਂ ਔਕੜਾਂ ਤੇ ਹੇਠ ਅਨੁਸਾਰ ਵਿਚਾਰ ਵਟਾਂਦਰਾ ਕੀਤਾ ਗਿਆ, ਫੈਸਲੇ ਲਏ ਗਏ:-

## 1. ਨਗਰ ਨਿਗਮ ਨਾਲ ਸਬੰਧਤ ਨੁੱਕਤੇ:-

1.1 **(ੳ)ਸਟੋਰਮੀ ਪਾਣੀ ਦੀ ਸਮੱਸਿਆ:**- ਅਡੀਸ਼ਨਲ ਕਮਿਸ਼ਨਰ ਵਲੋ ਦਸਿਆ ਗਿਆ ਕਿ ਸਟੋਰਮੀ ਸਿਸਟਮ ਦੇ ਸੁਧਾਰ ਲਈ 600 ਕਰੋੜ ਰੁਪਏ ਦਾ ਐਸਟੀਮੇਟ ਹੈ, ਜਿਸ ਸਬੰਧੀ ਡਿਪਟੀ ਕਮਿਸ਼ਨਰ, ਲੁਧਿਆਣਾ ਜੀ ਵੱਲੋ ਸਕੱਤਰ ਲੋਕਲ ਬਾਡੀਜ਼ ਪੰਜਾਬ ਸਰਕਾਰ ਜੀ ਨੂੰ ਨਗਰ ਨਿਗਮ ਨੂੰ ਵਾਧੂ ਫੰਡਜ਼ ਉਪਲਬਧ ਕਰਾਉਣ ਲਈ ਅੱਧ ਸਰਕਾਰੀ ਪੱਤਰ ਨੰ: 706, ਮਿਤੀ 10-2-2011 ਲਿਖਿਆ ਗਿਆ ਹੈ।

(ਅ) ਇਸ ਤੋ ਇਲਾਵਾ ਫੋਕਲ ਪੁਆਇੰਟ ਫੇਜ਼-4 ਵਿੱਚ ਸੀਵਰੇਜ਼ ਲਈ 20 ਲੱਖ ਰੁਪਏ ਦੀ ਰਾਸ਼ੀ ਸਬੰਧਤ ਵਿਭਾਗ ਨੂੰ ਜਮਾਂ ਕਰਵਾ ਦਿੱਤੀ ਗਈ ਹੈ । ਇਸਦੇ ਟੈਂਡਰ ਮਿਤੀ 31-3-11 ਨੂੰ ਖੋਲੇ ਜਾਣੇ ਹਨ ਅਤੇ ਇਹ ਕੰਮ 4 ਮਹੀਨਿਆਂ ਦੇ ਅੰਦਰ-ਅੰਦਰ ਮਕੁੰਮਲ ਹੋ ਜਾਵੇਗਾ।

1.2 **(ੳ)ਫੋਕਲ ਪੁਆਇੰਟ ਵਿਖੇ ਨਜ਼ਾਇਜ਼ ਕਬਜ਼ਿਆ ਸਬੰਧੀ:-** ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਨੇ ਸੂਚਿਤ ਕੀਤਾ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਜਦ ਤੱਕ ਝੁੱਗੀ ਝੋਪੜੀ ਵਾਲਿਆਂ ਨੂੰ ਨਵੀ ਜਗਾਂ ਤੇ ਸ਼ਿਫਟ ਕਰਨ ਲਈ ਕਾਰਵਾਈ ਮਕੁੰਮਲ ਨਹੀ਼ ਹੋ ਜਾਂਦੀ ਤਦ ਤਕ ਇਨਾਂ ਝੁੱਗੀ ਝੋਪੜੀਆਂ ਵਾਲਿਆਂ ਵੱਲੋ ਕੀਤੇ ਨਜ਼ਾਇਜ਼ ਕਬਜ਼ਿਆਂ ਤੇ ਹਾਲ ਦੀ ਘੜੀ ਕੋਈ ਕਾਰਵਾਈ ਨਹੀ ਕੀਤੀ ਜਾ ਸਕਦੀ।

ਸ੍ਰੀ ਜੀ.ਐਸ. ਕਾਹਲੋ਼ ਵੱਲੋ ਬੇਨਤੀ ਕੀਤੀ ਗਈ ਕਿ ਨਗਰ ਨਿਗਮ ਵਲੋ ਯਕੀਨੀ ਬਣਾਇਆ ਜਾਵੇ ਕਿ ਭਵਿਖ ਵਿਚ ਹੋਰ ਨਜ਼ਾਇਜ਼ ਕਬਜ਼ੇ ਨਾ ਹੋਣ। ਜਿਸ ਤੇਅਡੀਸ਼ਨਲ ਕਮਿਸ਼ਨਰ ਵੱਲੋ ਦਸਿਆ ਗਿਆ ਕਿ ਨਜ਼ਾਇਜ਼ ਕਬਜ਼ਿਆਂ ਦੀ ਲਿਸਟ ਉਨਾਂ ਵੱਲੋ ਉਦ :ਐਸੋਸੀਏਸ਼ਨ ਨੂੰ ਉਪਲਬਧ ਕਰਵਾ ਦਿਤੀ ਜਾਵਗੀ। ਅਤੇ ਇਸ ਉਪਰੰਤ ਜੇਕਰ ਕੋਈ ਨਜ਼ਾਇਜ਼ ਕਬਜ਼ਾ ਹੋਰ ਹੁੰਦਾ ਹੈ ਤਾਂ ਤਰੁੰਤ ਉਨਾਂ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਨਗਰ ਨਿਗਮ ਵੱਲੋ਼ ਤਰੁੰਤ ਕਾਰਵਾਈ ਕੀਤੀ ਜਾ ਸਕੇ।

1.3 (ੳ)**ਫੋਕਲ ਪੁਆਇੰਟ ਵਿਖੇ ਸੜਕਾਂ ਦਾ ਪਲਿੰਥ ਲੈਵਲ ਸਥਿਰ ਬਾਰੇ**:-ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ ਸੜਕਾਂ ਦਾ ਪਲਿੰਥ ਲੈਵਲ ਇਕ ਵਾਰੀ ਫਿਕਸ ਹੋਣ ਤੇ ਬਦਲਿਆ ਨਹੀ ਜਾ ਸਕਦਾ ਹੈ ਪਰ ਜਿਹੜੀਆਂ ਮੇਨ ਸੜਕਾਂ ਹੁਣ ਬਣਾਈਆਂ ਜਾ ਰਹੀਆਂ ਹਨ, ਉਨ੍ਹਾਂ ਉਪਰ ਪਲਿਨਥ ਲੈਵਲ ਮੈਨਟੇਨ ਕੀਤਾ ਜਾ ਰਿਹਾ ਹੈ। ਪਰ ਅੰਦਰੂਨੀ ਸੜਕਾਂ ਤੇ ਪਲਿਨਥ ਲੈਵਲ ਮੈਨਟੇਨ ਕਰਨ ਵਿੱਚ ਸੜਕ ਦੀ ਲਾਗਤ ਬਹੁਤ ਵੱਧ ਜਾਂਦੀ ਹੈ। ਪਰ ਫਿਰ ਵੀ ਉਹ ਉਦਯੋਗਿਕ ਜਥੇਬੰਦੀ ਦੀ ਮੰਗ ਨੂੰ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਰੱਖਣਗੇ। ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਦਰ, ਲੁਧਿਆਣਾ ਵੱਲੋ ਦਸਿਆ ਗਿਆ ਕਿ ਫੋਕਲ ਪੁਆਇੰਟ/ਇੰਡ:ਏਰੀਆ ਦੇ ਰਖ ਰਖਾਊ ਲਈ ਭਾਰਤ ਸਰਕਾਰ ਦੇ DC-MSME ਮਹਿਕਮੇ ਵੱਲੋ IIDP ਸਕੀਮ ਦੇ ਤਹਿਤ 10 ਕਰੋੜ ਤੱਕ ਦੇ ਪ੍ਰਤੀ ਪ੍ਰੋਜੈਕਟ ਲਈ 60 ਪ੍ਰਤੀਸ਼ਤ ਤੋ 80 ਪ੍ਰਤੀਸ਼ਤ ਤੱਕ ਗਰਾਂਟ ਦਿੱਤੀ ਜਾਂਦੀ ਹੈ ਅਤੇ ਨਿਗਮ ਨੂੰ ਚਾਹੀਦਾ ਹੈ ਕਿ ਉਹ ਸਕੀਮ ਦੇ ਤਹਿਤ ਢੁਕਵੀਆਂ ਪ੍ਰੋਪਜ਼ਲ ਤਿਆਰ ਕਰਨ। ਐਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ ਇਸ ਸਕੀਮ ਦੇ ਤਹਿਤ ਫੋਕਲ ਪੁਆਇੰਟ ਫੇਜ਼-5 ਲਈ ਤਜ਼ਵੀਜ਼ ਤਿਆਰ ਕੀਤੀ ਜਾ ਰਹੀ ਹੈ ਅਤੇ ਇਸੇ ਤਰ੍ਹਾਂ ਬਾਕੀ ਫੋਕਲ ਪੁਆਇੰਟ ਦੀਆਂ ਤਜ਼ਵੀਜ਼ਾਂ ਵੀ ਤਿਆਰ ਕਰਨ ਲਈ ਵਿਚਾਰ ਕਰਨਗੇ।

**1.4 ਪਲਾਟ ਨੰ: ਈ-244 ਤੇ ਈ-245 ਅਤੇ ਡੀ-143 ਤੋ 157 ਵਿਖੇ ਡਿਸਪੋਜ਼ਲ ਆਫ ਰੇਨ/ ਸਟੋਰਮਵਾਟਰ ਦੀ ਸਮਸਿੱਆ।**

1.5 ਸੀਵਰੇਜ਼ ਜਾਮ ਹੋਣ ਬਾਰੇ।

ਉਕਤ ਦੋਨੋ ਨੁੱਕਤਿਆਂ ਬਾਰੇ ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ 1.50 ਲੱਖ ਦੇ ਐਸਟੀਮੇਟ ਨਾਲ ਕੰਮ ਸੁਰੂ ਕਰਵਾ ਦਿੱਤਾ ਗਿਆ ਹੈ।

1.6 ਜਮਾਲਪੁਰ ਮੈਟਰੋ ਰੋਡ ਤੇ ਨਜ਼ਾਇਜ਼ ਕਬਜ਼ੇ ਅਤੇ ਰੇਲਵੇ ਰੋਡ, ਸ਼ੇਰਪੁਰ ਵਿਖੇ ਨਜ਼ਾਇਜ਼ ਸਬਜ਼ੀ ਮੰਡੀ ਦੀ ਸਮੱਸਿਆ :-

ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ ਨਜ਼ਾਇਜ਼ ਕਬਜ਼ੇ ਦੂਰ ਕਰਾਉਣ ਲਈ ਉਨ੍ਹਾਂ ਵੱਲੋ ਸਪੈਸ਼ਲ ਡਰਾਈਵ ਸੁਰੂ ਕੀਤਾ ਹੋਇਆ ਹੈ।ਪਰ ਸ੍ਰੀ ਓ.ਪੀ.ਬੱਸੀ ਵਲੋ ਦਸਿਆ ਕਿ ਜੀਵਨ ਚੋਕ ਦੇ ਨੇੜੇ ਮੀਟ ਮਾਸ ਕਟਾਈ ਕਰਨ ਵਾਲਿਆਂ ਵਲੋ ਸ਼ਰੇਆਮ ਨਜ਼ਾਇਜ਼ ਕਬਜ਼ੇ ਕੀਤੇ ਹੋਏ ਹਨ।

ਚੇਅਰਮੈਨ ਵੱਲੋ ਨਗਰ ਨਿਗਮ ਦੇ ਅਧਿਕਾਰੀ ਨੂੰ ਇਸ ਸਮਸਿਆ ਨੂੰ ਗੰਭੀਰ ਦਸਦੇ ਹੋਏ ਤਰੁੰਤ ਕਾਰਵਾਈ ਕਰਨ ਦੀ ਹਦਾਇਤ ਕੀਤੀ।

**1.7** ਪਲਾਟ ਨੰ: 143-157 ਦੇ ਪਿਛੇ ਕੂੜਾ ਕਰਕੱਟ ਦੀ ਸਮੱਸਿਆ। ( ਲੁਧਿਆਣਾ ਫੋਕਲ ਪੁਆਇੰਟ ਐਸੋਸੀਏਸ਼ਨ ਫੇਜ਼-4 ਏ):-

ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ ਪਲਾਟ ਨੰ: 143-157 ਦੇ ਪਿਛੇ ਸੜਕ ਬਨਾਉਣ ਦਾ ਐਸਟੀਮੇਟ ਪਾਸ ਕਰ ਦਿੱਤਾ ਗਿਆ ਹੈ ਅਤੇ ਕੰਮ ਜਲਦੀ ਸੁਰੂ ਕੀਤਾ ਜਾ ਰਿਹਾ ਹੈ।

1.8 ਫੋਕਲ ਪੁਆਇੰਟ ਫੇਸ-4-ਏ ਵਿਖੇ ਸੜਕਾਂ ਦਾ ਸਹੀ ਨਿਰਮਾਣ ਨਾ ਹੋਣ ਸਬੰਧੀ

1.9 ਸੜਕਾਂ ਦਾ ਨਿਰਮਾਣ/ਰਿਪੇਅਰ ਕਰਨ ਤੋ ਪਹਿਲਾਂ ਸੀਵਰੇਜ਼ ਠੀਕ ਕਰਨ ਬਾਰੇ

ਉਕਤ ਦੋਵੇ ਨੁਕਤਿਆਂ ਸਬੰਧੀ ਅਡੀਸ਼ਨਲ ਕਮਿਸ਼ਨਰ ਦਸਿਆ ਗਿਆ ਕਿ ਉਨ੍ਹਾ ਵੱਲੋ ਇਸ ਕੰਮ ਦਾ ਉਚੇਚਾ ਧਿਆਨ ਰਖਿਆ ਜਾ ਰਿਹਾ ਹੈ ਅਤੇ ਸੜਕ ਦੇ ਨਿਰਮਾਨ ਤੋ ਪਹਿਲਾਂ ਸੀਵਰੇਜ਼ ਠੀਕ ਕਰਨਾ ਯਕੀਨੀ ਬਦਾਇਆ ਜਾਵੇਗਾ । ਉਕਤ ਦੋਵੇ ਮੁੱਦੇ ਡਰਾਪ ਕਰਨ ਦਾ ਫੈਸਲਾ ਲਿਆ ਗਿਆ ।

1.10 ਫੋਕਲ ਪੁਆਇੰਟ, ਫੇਜ਼-4-ਏ ਦੇ ਪਾਰਕ ਦੀ ਸਾਂਭ ਸੰਭਾਲ ਐਸੋਸੀਏਸ਼ਨ ਨੂੰ ਸਪੁਰਦ ਕਰਨ ਬਾਰੇ।

ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ ਫੋਕਲ ਪੁਆਇੰਟ ਫੇਜ਼-4 ਏ ਦੇ 3 ਪਾਰਕ ਐਸੋਸੀਏਸ਼ਨ ਦੀ ਮੰਗ ਤੇ ਉਨ੍ਹਾਂ ਨੂੰ ਸਾਂਭ-ਸੰਭਾਲ ਲਈ ਦਿੱਤੇ ਜਾ ਰਹੇ ਹਨ। ਸ੍ਰੀ ਰਜਨੀਸ਼ ਅਹੂਜਾ ਨੇ ਦਸਿਆ ਕਿ ਬਾਕੀ ਏਰੀਏ ਵਿੱਚ ਵੀ ਅਜਿਹੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਵੱਲੋ ਇਹ ਵੀ ਦਸਿਆ ਗਿਆ ਕਿ ਜਿਹੜੀਆਂ ਪਾਰਕਾਂ ਮੈਨਜਮੈਟ ਕਮੇਟੀਆਂ, ਪਾਰਕਾਂ ਦੀ ਸਾਂਭ-ਸੰਭਾਲ ਠੀਕ ਨਹੀ ਕਰਦੀਆਂ, ਉਹ ਪਾਰਕ ਨਗਰ ਨਿਗਮ ਵਲੋ ਵਾਪਸ ਲੈ ਕੇ ਦੂਸਰੀਆਂ ਜਥੇਬੰਦੀਆਂ ਨੂੰ ਦਿੱਤੇ ਜਾਣ। ਅਡੀਸ਼ਨਲ ਕਮਿਸ਼ਨਰ ਵੱਲੋ ਭਰੋਸਾ ਦਿਵਾਇਆ ਗਿਆ ਕਿ ਇਸ ਬਾਰੇ ਘੋਖ ਕੇ ਯੋਗ ਕਾਰਵਾਈ ਕਰਨੀ ਯਕੀਨੀ ਬਨਾਉਣਗੇ।

1.11 ਢੰਡਾਰੀ ਕਲਾਂ ਵਿਖੇ ਸੀਵਰੇਜ਼ ਵਿਛਾਉਣ ਦੇ ਬਾਵਜੂਦ ਚਾਲੂ ਨਾ ਕਰਨ ਬਾਰੇ।

ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ ਇਸ ਮੰਤਵ ਲਈ **ਹੁਦਕੋ** ਦੇ ਪ੍ਰੋਜੈਕਟ ਤਹਿਤ ਕੰਮ ਚਲ ਰਿਹਾ ਹੈ। ਜਿਸਦੇ ਤਹਿਤ ਸੀਵਰ ਲਾਈਨ ਨੂੰ ਬਲਾਕ ਵਿਖੇ Treatment plant ਨਾਲ ਜੋੜਿਆ ਜਾਣਾ ਹੈ।ਇਸ ਕੰਮ ਨੂੰ ਪੂਰਾ ਹੋਣ ਤੇ 1 ਸਾਲ ਦਾ ਸਮਾਂ ਲੱਗੇਗਾ।

1.12 ਨਗਰ ਨਿਗਮ ਵੱਲੋ ਚੀਮਾ ਚੋਕ ਤੋ ਸੁਫੀਆਂ ਬਾਗ ਤੱਕ ਨਜ਼ਾਇਜ ਕਬਜ਼ੇ ਹਟਾਉਣ ਅਤੇ ਸੱੜਕਾਂ ਚੋੜੀਆਂ ਕਰਨ ਦੇ ਚੱਲ ਰਹੇ ਕੰਮ ਕਾਰਨ ਸੱੜਕਾਂ ਤੇ ਖੱਡਿਆਂ ਕਾਰਨ ਫੈਕਟਰੀਆਂ ਦੇ ਸਮਾਨ ਦੀ ਢੋ-ਢੁਆਈ ਵਿੱਚ ਪੇਸ਼ ਆ ਰਹੀ ਔਕੜ ਬਾਰੇ।

ਇਸ ਮੁੱਦੇ ਨਾਲ ਸਬੰਧਤ ਐਸੋਸੀਏਸ਼ਨ ਦਾ ਕੋਈ ਨੁਮਾਇੰਦਾ ਹਾਜ਼ਰ ਨਹੀ ਹੋਇਆ। ਪਰ ਐਡੀਸ਼ਨਲ ਕਮਿਸ਼ਨਰ ਵੱਲੋ ਦਸਿਆ ਗਿਆ ਕਿ ਇਸ ਮੁੱਦੇ ਬਾਰੇ ਵਿਸ਼ੇਸ਼ ਧਿਆਨ ਰਖਿਆ ਜਾ ਰਿਹਾ ਹੈ।

1.13 ਜ਼ਿਲਾ ਉਦਯੋਗ ਕੇਂਦਰ,ਲੁਧਿਆਣਾ ਇੰਡਲ: ਅਸਟੇਟ ਸਾਹਮਣੇ ਸੜਕ ਦੀ ਖਸਤਾ ਹਾਲਤ ਸੁਧਾਰਨ ਅਤੇ ਕੂੜੇ ਦਾ ਡੰਪ ਅਤੇ ਸੜਕ ਤੇ ਬਣਿਆ ਯੂਰੀਨਲ ਹਟਾਉਣ ਸਬੰਧੀ।

ਅਡੀਸ਼ਨਲ ਕਮਿਸ਼ਨਰ ਨਗਰ ਨਿਗਮ ਵੱਲੋ ਦਸਿਆ ਗਿਆ ਕਿ ਇਸ ਮੰਤਵ ਲਈ 1 ਕਰੋੜ ਦਾ ਟੈਂਡਰ ਜਾਰੀ ਕੀਤਾ ਜਾ ਚੁੱਕਾ ਹੈ ਅਤੇ ਇਹ ਕੰਮ ਜਲਦੀ ਸੁਰੂ ਕਰ ਦਿੱਤਾ ਜਾਵੇਗਾ। ਸ੍ਰੀ ਜੋਗਿੰਦਰ ਕੁਮਾਰ,

ਪ੍ਰਧਾਨ ਇਲੈਕਟਰੋਪਲੇਟਿੰਗ ਐਸੋਸੀਏਸ਼ਨ ਵੱਲੋ ਦਸਿਆ ਗਿਆ ਕਿ ਫੋਕਲ ਪੁਆਇੰਟ ਫੇਜ਼-5 ਦੀ ਤਰ੍ਹਾਂ ਨਗਰ ਨਿਗਮ ਵੱਲੋ ਇੰਡ:ਅਸਟੇਟ ਨੂੰ ਵੀ IIDP ਸਕੀਮ ਦੇ ਤਹਿਤ ਕਵਰ ਕਰਕੇ ਇਨਫਰਾਸਟਰਕਚਰ ਵਿੱਚ ਸੁਧਾਰ ਕੀਤਾ ਜਾਵੇ।

**<u>ਨਵੇ ਮੁੱਦਾ:-</u>** ਸ੍ਰੀ ਗੁਰਵੰਤ ਸਿੰਘ,ਪ੍ਰਧਾਨ, ਸਮਾਲ ਸਕੇਲ ਮੈਨੂਫੈਕਚਰਿੰਗ ਐਸੋਸੀਏਸ਼ਨ ਜਨਤਾ ਨਗਰ ਨੇ ਦਸਿਆ ਕਿ ਜਿਹੜੇ ਪੁੱਲ ਨਗਰ ਨਿਗਮ ਵੱਲੋ ਬਣਾਏ ਜਾ ਰਹੇ ਹਨ ਉਨ੍ਹਾਂ ਹੇਠਾਂ ਸੱੜਕਾਂ ਤੇ ਮਾਰਕੀਟ ਕਬਜ਼ੇ ਹੋ ਰਹੇ ਹਨ।

ਚੇਅਰਮੇਨ ਜੀ ਵੱਲੋ ਆਦੇਸ਼ ਦਿੱਤੇ ਗਏ ਕਿ ਉਦਯੋਗਿਕ ਜੱਥੇਬੰਦੀ ਆਪਣਾ ਮੰਗ ਪੱਤਰ ਵਿਸਥਾਰ-ਪੂਰਵਕ ਪੇਸ਼ ਕਰਨ ਤਾਂ ਜੋ ਇਹ ਮੁੱਦਾ ਅਗਲੀ ਮੀਟਿੰਗ ਵਿੱਚ ਵਿਚਾਰਿਆ ਜਾ ਸਕੇ

## 2 <u>ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਤ ਨੁੱਕਤੇ:-</u>

**2.1 <u>ਮੈਸ: ਡਿਯੂਮੈਕਸ ਇੰਡੀਆ (ਪ੍ਰਾ) ਲਿਮ:, ਜਗਰਾਓ, ਜਿਲ੍ਹਾ ਲੁਧਿਆਣਾ ਨੂੰ ਬਿਜਲੀ ਦਾ ਕੁਨੈਕਸ਼ਨ ਰਲੀਜ਼ ਕਰਨ ਬਾਰੇ।</u>**

ਕਾਰਜਕਾਰੀ ਇੰਜੀਨੀਅਰ ਵੱਲੋ ਦਸਿਆ ਗਿਆ ਕਿ ਟਾਵਰ ਦਾ ਕੰਮ ਮਕੁੰਮਲ ਹੋ ਚੁੱਕਾ ਹੈ ਅਤੇ ਹੁਣ ਇਕਾਈ ਵੱਲੋ ਟੈਸਟ ਰਿਪੋਰਟ ਸਬਮਿਟ ਕੀਤੀ ਜਾਣੀ ਹੈ। ਟੈਸਟ ਰਿਪੋਰਟ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ-ਅੰਦਰ ਕੁਨੈਕਸ਼ਨ ਜਾਰੀ ਕਰ ਦਿੱਤਾ ਜਾਵੇਗਾ।ਮੌਕੇ ਤੇ ਹਾਜ਼ਰ ਇਕਾਈ ਦੇ ਨੁਮਾਇੰਦੇ ਨੇ ਦੱਸਿਆ ਕਿ ਟੈਸਟ ਰਿਪੋਰਟ ਸਬਮਿਟ ਕਰਨ ਬਾਰੇ ਉਨ੍ਹਾਂ ਨੂੰ ਕੋਈ ਲਿਖਤੀ ਸੂਚਨਾ ਪ੍ਰਾਪਤ ਨਹੀ਼ ਹੋਈ। ਚੇਅਰਮੈਨ ਜੀ ਵੱਲੋ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਯੋਗ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

**2.2 <u>ਡੀਮਾਂਡ ਨੋਟਿਸ ਦੀ ਪੈਡੈਸੀ ਸਬੰਧੀ।</u>**
2.3 **<u>ਰਲੀਜ ਆਫ ਪਾਵਰ ਕੁਨੈਕਸ਼ਨ ਦੀ ਪੈਡੈਸੀ ਸਬੰਧੀ।</u>**
2.4 **<u>ਫੋਕਲ ਪੁਆਂਇੰਟ ਫੇਜ 1 ਤੋ 4 ਵਿਖੇ ਬਿਜਲੀ ਦੀ ਟ੍ਰਿਪਿੰਗ ਦੀ ਸਮੱਸਿਆ ਬਾਰੇ।</u>**

ਉਕਤ ਤਿੰਨੋ ਨੁਕਤਿਆਂ ਬਾਰੇ ਕਾਰਜਕਾਰੀ ਇੰਜੀ: ਨੇ ਦਸਿਆ ਕਿ ਲੋੜੀਦੇ ਟ੍ਰਾਂਸਫਾਰਮਰ ਇੰਸਟਾਲ ਹੋ ਗਏ ਹਨ ਅਤੇ ਭਵਿੱਖ ਵਿੱਚ ਹੁਣ ਇਹ ਸਮਸਿਆ ਨਹੀ ਰਹੇਗੀ।ਸੋ ਇਹ ਮੁੱਦਾ ਡਰਾਪ ਕਰਨ ਦਾ ਫੈਸਲਾ ਲਿਆ ਗਿਆ।

**2.5 <u>ਸ਼ੇਰਪੁਰ ਸਬਜ਼ੀ ਮੰਡੀ ਵਿਖੇ ਨਜਾਇਜ ਬਿਜਲੀ ਕੁਨੈਕਸ਼ਨ ਲਗਾਉਣ ਬਾਰੇ ।</u>**

ਕਾਰਜਕਾਰੀ ਇੰਜੀ: ਵੱਲੋ ਦਸਿਆ ਕਿ ਮੌਕੇ ਦੀ ਪੜਤਾਲ ਕਰਾਈ ਗਈ ਹੈ ਅਤੇ ਇਸ ਸਬਜ਼ੀ ਮੰਡੀ ਵਿਖੇ ਜਨਰੇਟਰ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਅਤੇ ਕੋਈ ਹੋਰ ਨਜ਼ਾਇਜ਼ ਬਿਜਲੀ ਕੁਨੈਕਸ਼ਨ ਨਹੀ ਲੱਗਾ ਹੈ। ਪਰ ਉਦਯੋਗਿਕ ਜਥੇਬੰਦੀਆਂ ਨੇ ਇਸ ਗੱਲ ਦਾ ਜ਼ੋਰਦਾਰ ਖੰਡਨ ਕੀਤਾ

ਚੇਅਰਮੈਨ ਜੀ ਵੱਲੋ ਕਾਰਜਕਾਰੀ ਇੰਜੀ: ਨੂੰ ਆਦੇਸ਼ ਦਿੱਤੇ ਗਏ ਕਿ ਉਹ ਇਸ ਕੇਸ ਦੀ ਮੁੜ ਘੋਖ ਕਰਨ, ਜੇਕਰ ਜਨਰੇਟਰ ਗੈਰ-ਕਾਨੂੰਨੀ ਚੱਲ ਰਹੇ ਹਨ, ਤਾਂ ਇਸ ਬਾਰੇ ਯੋਗ ਕਾਰਵਾਈ ਕਰਦੇ ਹੋਏ ਮਿਤੀ **7-4-11** ਤੱਕ ਆਪਣੀ ਰਿਪੋਰਟ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਦਰ ਨੂੰ ਪੇਸ਼ ਕਰਨ।

**2.6 <u>ਐਲ.ਐਸ.ਕੁਨੈਕਸ਼ਨ ਰਲੀਜ ਕਰਨ ਦੇ ਪ੍ਰੋਸੀਜ਼ਰ ਨੂੰ ਸਰਲ ਬਨਾਉਣ ਬਾਬਤ</u>**

ਕਾਰਜਕਾਰੀ ਇੰਜੀ: ਵੱਲੋ ਦਸਿਆ ਗਿਆ ਕਿ ਬਿਜਲੀ ਬੋਰਡ ਨੇ ਆਪਣੇ ਅੱਧ ਸਰਕਾਰੀ ਪੱਤਰ ਨੰ 272/ਪੀਐਸ/ਡੀਡੀ/ਮਿਤੀ 24-3-11 ਰਾਹੀ ਸਪਸ਼ਟ ਕੀਤਾ ਹੈ ਕਿ ਬਿਜਲੀ ਬੋਰਡ ਕੂਨੇਕਸ਼ਨ ਰਲੀਜ਼ ਕਰਨ ਸਮੇ ਚੀਫ ਇਲੈਕਟ੍ਰੀਕਲ ਇੰਸਪੈਕਟਰ ਅਤੇ ਪੀ.ਐਸ.ਪੀ.ਸੀ.ਐਲ ਵਿਭਾਗ ਦੇ ਵੱਖਰੇ ਨਿਯਮ ਹਨ ਅਤੇ ਜ਼ਰੂਰੀ ਹਨ। ਇਸ ਕਰਕੇ ਐਸੋਸੀਏਸ਼ਨ ਦੀ ਮੰਗ ਮੰਨਣਯੋਗ ਨਹੀ ਹੈ।

ਚੇਅਰਮੇਨ ਜੀ ਵੱਲੋ ਆਦੇਸ਼ ਦਿੱਤੇ ਗਏ ਕਿ ਵਿਭਾਗ ਦੇ ਫੈਸਲੇ ਦੀ ਕਾਪੀ ਸਬੰਧਤ ਐਸੋਸੀਏਸਾਂ ਨੂੰ ਭੇਜ ਦਿੱਤੀ ਜਾਵੇ।ਸੋ ਇਹ ਮੁੱਦਾ ਡਰਾਪ ਕਰਨ ਦਾ ਫੈਸਲਾ ਲਿਆ ਗਿਆ ਹੈ।

**2.7 <u>ਜੀ.ਐਨ ਈ ਕਾਲਜ ਰੋਡ ਗਲੀ ਨੰ 5 ਭਾਈ ਹਿੰਮਤ ਸਿੰਘ ਨਗਰ, ਦੁਗਰੀ ਰੋਡ ਵਿਖੇ ਹਾਈ ਟੈਨਸ਼ਨ ਵਾਇਰ ਦੀ ਉਚਾਈ ਘੱਟ ਹੋਣ ਦੀ ਸਮੱਸਿਆ ਬਾਰੇ:-</u>** ਵਿਭਾਗ ਨਾਲ ਸਬੰਧਤ ਅਧਿਕਾਰੀ ਨੇ ਦਸਿਆ ਕਿ ਇਸ ਜਗ੍ਹਾ ਤੇ 66 ਕੇਵੀਏ ਐਕਸਟਰਾ ਹਾਈ ਵੋਲਟੇਜ਼ ਦੀਆਂ ਤਾਰਾਂ ਹਨ ਜੋ ਕਿ ਹੁਣ ਬਦਲੀਆਂ ਨਹੀ਼ ਜਾ ਸਕਦੀਆਂ।

**2.8 ਇਲੈਕਟ੍ਰਿਕ ਲੋਡ ਘਟਾਉਣ ਤੇ ਬਾਅਦ ਮੁੜ ਵਧਾਉਣ ਤੇ PSPCL ਵੱਲੋ 3 ਸਾਲ ਦੀ ਸ਼ਰਤ ਲਗਾਉਣ ਬਾਬਤ :-** ਕਾਰਜਕਾਰੀ ਇੰਜੀ ਨੇ ਦਸਿਆ ਕਿ ਇਸ ਬਾਰੇ ਲੋੜੀਦੀਆਂ ਹਦਾਇਤਾਂ ਉਨ੍ਹਾਂ ਪਾਸ ਉਪਲਬਧ ਨਹੀ ਹਨ। ਚੇਅਰਮੈਨ ਜੀ ਵੱਲੋ ਹਦਾਇਤ ਕੀਤੀ ਗਈ ਕਿ ਮੁੱਖ ਸਕੱਤਰ ਪੰਜਾਬ ਜੀ ਦੇ ਤਹਿਤ ਮਿਤੀ 15-6-10 ਨੂੰ ਹੋਈ ਮੀਟਿੰਗ ਦੌਰਾਨ ਲਏ ਗਏ ਫੈਸਲੇ ਨੂੰ ਇਨ-ਬਿਨ ਲਾਗੂ ਕੀਤਾ ਜਾਵੇ ਅਤੇ ਇਸਦੀ ਕਾਪੀ ਜਨਰਲ ਮੈਟੇਜਰ, ਜ਼ਿਲ੍ਹਾ ਉਦਯੋਗ ਕੇਦਰ ਤੋ ਲੈ ਕੇ ਆਪਣੇ ਵਿਭਾਗ ਨਾਲ ਫੋਲੋ-ਅਪ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਰਿਪੋਰਟ ਪੇਸ਼ ਕਰਨ।

**ਨਵੇ ਮੁੱਦੇ:-**

1. ਸ੍ਰੀ ਗੁਰਵੰਤ ਸਿੰਘ,ਪ੍ਰਧਾਨ, ਸਮਾਲ ਸਕੇਲ ਮੈਨੂਫੈਕਚਰਿੰਗ ਐਸੋਸੀਏਸ਼ਨ ਜਨਤਾ ਨਗਰ ਨੇ ਦਸਿਆ ਕਿ ਬਿਜਲੀ ਬੋਰਡ ਵੱਲੋ ਐਲ.ਐਸ.ਕੁਨੈਕਸ਼ਨ ਜਾਰੀ ਕਰਨ ਸਮੇ ਪਾਵਰ ਕਾਰਪੋਰੇਸ਼ਨ ਵੱਲੋ ਵਾਧੂ ਸਿਕਿਓਰਟੀ ਮੰਗੀ ਜਾ ਰਹੀ ਹੈ।

ਚੇਅਰਮੈਨ ਜੀ ਵੱਲੋ ਆਦੇਸ਼ ਦਿੱਤੇ ਗਏ ਕਿ ਉਦਯੋਗਿਕ ਜੱਥੇਬੰਦੀ ਆਪਣਾ ਮੰਗ ਪੱਤਰ ਵਿਸਥਾਰ-ਪੂਰਵਕ ਪੇਸ਼ ਕਰਨ ਤਾਂ ਜੋ ਇਹ ਮੁੱਦਾ ਅਗਲੀ ਮੀਟਿੰਗ ਵਿੱਚ ਵਿਚਾਰਿਆ ਜਾ ਸਕੇ।

2 . ਸ੍ਰੀ ਰਾਜਨ ਗੁਪਤਾ, ਲੁਧਿਆਣਾ ਫੋਕਲ ਪੁਆਇੰਟ ਐਸੋਸੀਏਸ਼ਨ ਫੇਜ਼-4 ਏ ਵੱਲੋ ਦਸਿਆ ਗਿਆ ਕਿ ਬਿਜਲੀ ਬੋਰਡ ਵੱਲੋ ਨੈਕਸੋ ਫੀਡਰ ਅਤੇ ਕੁੰਦਨ ਫੀਡਰ ਦੇ ਅਧੀਨ ਪੈਦੇ ਕੁਨੈਕਸ਼ਨ ਜਾਰੀ ਨਹੀ ਕੀਤੇ ਜਾ ਰਹੇ ਹਨ।

ਕਾਰਜ਼ਕਾਰੀ ਇੰਜੀਨੀਅਰ ਨੇ ਦਸਿਆ ਕਿ ਕੁੰਦਨ ਫੀਡਰ ਦੇ ਕੁਨੈਕਸ਼ਨ ਦੀ ਕੋਈ ਮੁਸ਼ਕਲ ਨਹੀ ਹੈ ਜੱਦ ਕਿ ਨਿਕਸ ਫੀਡਰ ਸਬੰਧੀ ਇੱਕ ਮਹੀਨੇ ਅੰਦਰ ਫੈਸਲਾ ਲੈ ਲਿਆ ਜਾਵੇਗਾ।

## 3 ਆਬਕਾਰੀ ਤੇ ਕਰ ਵਿਭਾਗ ਨਾਲ ਸਬੰਧਤ ਨੁੱਕਤੇ:-

**3.1 ਬੋਗਸ/ਬਲੈਕਲਿਸਟਿਡ ਅਤੇ ਜੈਨੂਅਨ ਵੈਟ ਡੀਲਰਾਂ ਦੇ ਲਿਸਟ/ਪਤੇ ਸਬੰਧਤ ਵਿਭਾਗ ਵੱਲੋ ਆਪਣੀ ਵੈਬ ਸਾਈਟ WWW.PEXTEX.COM ਤੇ ਅਪਟੂਡੇਟ ਸ਼ਾਮਲ ਕਰਨ ਬਾਰੇ:-**

ਵਿਭਾਗ ਦੇ ਅਧਿਕਾਰੀ ਨੇ ਦਸਿਆ ਕਿ ਬੋਗਸ ਡੀਲਰਜ਼ ਦੇ ਵੇਰਵੇ ਵੈਬ ਸਾਈਟ ਤੇ ਉਪਲਬੱਧ ਹਨ। ਪਰ ਇਸ ਗੱਲ ਦਾ ਸਮੂਹ ਐਸੋਸੀਏਸ਼ਲਾਂ ਵਲੋ ਜੋਰਦਾਰ ਖੰਡਨ ਕੀਤਾ ਗਿਆ ਅਤੇ ਐਸੋਸੀਏਸ਼ਨ ਵਲੋ ਮੁੜ ਬੇਨਤੀ ਕੀਤੀ ਗਈ ਕਿ DETC ਪੱਧਰ ਤੇ ਮੀਟਿੰਗ ਹੋਣ ਦੇ ਬਾਵਜੂਦ ਵੀ ਜੈਨੂਅਨ ਵੈਟ ਰਿਫੰਡ ਵਿਭਾਗ ਵੱਲੋ ਰੋਕੇ ਜਾ ਰਹੇ ਹਨ ਅਤੇ ਬੋਗਸ/ਬਲੈਕ ਲਿਸਟਿਡ ਇਕਾਈਆਂ ਦੇ ਮਕੁੰਮਲ ਪਤੇ Web site ਤੇ ਨਹੀ਼ ਦਰਸਾਏ ਜਾ ਰਹੇ ਹਨ। ਸ੍ਰੀ ਬਦਿਸ਼ ਕੇ ਜਿੰਦਲ ਨੇ ਦਸਿਆ ਕਿ ਵਿਭਾਗ ਵੱਲੋ ਜ਼ੋਨ-3 ਵਿੱਚ ਭਾਰੀ ਤਦਾਦ ਵਿਚ ਤਕਰੀਬਨ 4000 ਸਕਿਰਿਉਟਨੀ ਦੇ ਕੇਸ ਘੋਖ ਦਿੱਤੇ ਗਏ ਹਨ ਜਦ ਕਿ ਜ਼ੋਨ 1-2 ਵਿੱਚ ਇਹ ਗਿਣਤੀ 1000 ਦੇ ਕਰੀਬ ਹੈ।

ਚੇਅਰਮੈਨ ਜੀ ਵੱਲੋ ਆਦੇਸ਼ ਦਿੱਤੇ ਗਏ ਕਿ ਅਗਲੀ ਮੀਟਿੰਗ ਵਿੱਚ DETC ਵਿਸ਼ੇਸ਼ ਤੌਰ ਤੇ ਹਾਜ਼ਰ ਹੋਣ ਅਤੇ ਉਕਤ ਮੁੱਦੇ ਉਪਰ ਠੋਸ ਤੱਥ ਸਪੱਸ਼ਟ ਕਰਨ।

ਸ੍ਰੀ ਰਾਜੀਵ ਜੈਨ, ਜਨਰਲ ਸਕੱਤਰ, ਸਾਈਕਲ ਪਾਰਟਸ ਐਸੋਸ਼ੀਏਸ਼ਨ ਨੇ ਦਸਿਆ ਕਿ ਵੈਟ ਰਿਫੰਡ ਮੰਜੂਰ ਹੋਣ ਉਪਰੰਤ ਵੀ ਟਰੇਜ਼ਰੀ ਚੈਕ ਕਲੀਅਰ ਹੋਣ ਵਿੱਚ ਵੀ 20-25 ਦਿਨ ਦਾ ਸਮਾਂ ਲੱਗ ਰਿਹਾ ਹੈ।

ਚੇਅਰਮੈਨ ਵੱਲੋ ਮੀਟਿੰਗ ਦੋਰਾਨ ਜਿਲਾ ਖਜਾਨਾ ਅਫਸਰ ਨੂੰ ਵਿਸੇਸ਼ ਤੌਰ ਤੇ ਬੁਲਾਕੇ ਸਾਰੀ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਗਿਆ। ਜਿਲਾ ਖਜਾਨਾ ਅਫਸਰ ਵਲੋ ਦਸਿਆ ਗਿਆ ਕਿ ਵੈਟ ਰਿਫੰਡ ਦੇ ਵਾਊਚਰ ਸਿੱਧੇ ਹੀ ਐਸ.ਬੀ.ਆਈ.ਦੀ ਟਰੇਜਰੀ ਬਰਾਂਚ ਵੱਲੋ ਡੀਲ ਕੀਤੇ ਜਾਂਦੇ ਹਨ ਅਤੇ ਇਸ ਲਈ 48 ਘੰਟੇ ਦਾ ਸਮਾਂ ਨਿਸ਼ਚਿਤ ਕੀਤਾ ਹੋਇਆ ਹੈ ਪਰ ਇਸ ਰਿਫੰਡ ਲਈ ਅਤੇ ਉਨ੍ਹਾਂ ਦੇ ਦਫਤਰ ਵੀ ਕੋਈ ਮੰਜੂਰੀ ਜਾਂ ਪ੍ਰਵਾਨਗੀ ਦੀ ਵੱਖਰੀ ਲੋੜ ਨਹੀ ਹੁੰਦੀ। ਚੇਅਰਮੈਨ ਵੱਲੋ ਆਦੇਸ਼ ਦਿੱਤੇ ਗਏ ਕਿ ਇਸ ਬਾਰੇ ਐਸ.ਬੀ.ਆਈ.ਦੀ ਟਰੇਜਰੀ ਬਰਾਂਚ ਨੂੰ ਅੱਧ ਸਰਕਾਰੀ ਪੱਤਰ ਜਾਰੀ ਕਰਦੇ ਹੋਏ ਸਥਿਤੀ ਸਪਸ਼ਟ ਕਰਵਾਈ ਜਾਵੇ ਅਤੇ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਵੀ ਕਿਹਾ ਜਾਵੇ।

**3.3 <u>ਮੈਸ: ਜੀ.ਐਸ.ਆਟੋ ਇੰਟਰਨੈਸ਼ਨਲ ਲਿਮਟਿਡ ਅਤੇ ਮੈਸ: ਜੀ.ਐਸ.ਆਟੋ ਕੋਮਪ ਪ੍ਰਾ ਲਿਮ: ਦੇ ਪੈਡਿੰਗ ਵੈਟ ਰਿਫੰਡ ਬਾਰੇ:-</u>**

ਵਿਭਾਗ ਨੇ ਅਧਿਕਾਰੀ ਨੇ ਸਪਸ਼ਟ ਕੀਤਾ ਕਿ ਵੈਟ ਦਾ ਰਿਫੰਡ 31-3-10 ਤੱਕ ਦਾ ਕਲੀਅਰ ਕਰ ਦਿੱਤਾ ਗਿਆ ਹੈ।ਸੋ ਇਹ ਮੁੱਦਾ ਡਰਾਪ ਕਰਨ ਦਾ ਫੈਸਲਾ ਲਿਆ ਗਿਆ।

**4. <u>ਜਿਲਾ ਨਗਰ ਯੋਜਨਾਕਾਰ ,ਲੁਧਿਆਣਾ ਨਾਲ ਸਬੰਧਤ ਨੁੱਕਤੇ:-</u>**

**4.1 <u>ਇੰਡ: ਜ਼ੋਨ ਵਿੱਚ ਸੀ.ਐਲ.ਯੂ ਦੀ ਪ੍ਰਵਾਨਗੀ ਅਤੇ ਫੀਸ ਦੀ ਛੋਟ ਸਬੰਧੀ।</u>**

ਇਸ ਬਾਰੇ ਫੈਸਲਾ ਲਿਆ ਗਿਆ ਕਿ ਇਕ ਯਾਦ ਪੱਤਰ ਹੋਰ ਸਕੱਤਰ ਹਾਊਸਿੰਗ ਐਂਡ ਅਰਬਨ ਡਿਵੇਲਪਮੈਂਟ ਨੂੰ ਭੇਜਿਆ ਜਾਵੇ।

**4.2 <u>ਜਨਤਾ ਨਗਰ,ਸ਼ਿਮਲਾਪੁਰੀ ਦੇ ਏਰੀਏ ਨੂੰ ਇੰਡਲ: ਏਰੀਆ ਘੋਸ਼ਿਤ ਕਰਨ ਲਈ ਮਾਸਟਰ ਪਲੈਨ ਵਿੱਚ ਸੋਧ ਕਰਨ ਬਾਰੇ :-</u>** ਜ਼ਿਲਾ ਨਗਰ ਯੋਜਨਾਕਾਰ ਦੇ ਪੱਤਰ ਨੰ: 4204, ਮਿਤੀ 18-11-10 ਦੇ ਸਨਮੁਖ ਸਬੰਧਤ ਜਥੇਬੰਦੀ ਵਲੋ ਆਪਣੀ ਵਿਸਥਾਰਪੂਰਵਕ ਮੰਗ ਮੌਕੇ ਤੇ ਹੀ ਐਡੀਸ਼ਨਲ ਕਮਿਸ਼ਨਰ ਨਗਰ ਨਿਗਮ ਨੂੰ ਸੌਂਪੀ ਗਈ ਜਿਸਤੇ ਕਾਰਵਾਈ ਕਰਨ ਦੇ ਚੇਅਰਮੈਨ ਜੀ ਵੱਲੋਂ ਆਦੇਸ਼ ਦਿੱਤੇ ਗਏ।

**4.3 <u>ਮੈਸ: ਪੰਜਾਬ ਅਪੇਰਲਜ਼ ਪਾਰਕ ਅਤੇ ਮੈਸ: ਜੈਨ ਉਦੇ ਇੰਡ: ਨੂੰ ਸੀ.ਐਲ.ਯੂ ਤਹਿਤ ਸਰਟੀਫਿਕੇਟ ਜਾਰੀ ਕਰਨ ਬਾਰੇ:-</u>** ਜ਼ਿਲਾ ਨਗਰ ਯੋਜਨਾਕਾਰ ਦੇ ਨੁਮਾਇੰਦੇ ਨੇ ਦਸਿਆ ਕਿ ਇਸ ਕੇਸ ਵਿਚ ਤਹਿਸੀਲਦਾਰ ਪਾਇਲ ਦੀ ਰਿਪੋਰਟ ਅਜੇ ਪੈਡਿੰਗ ਹੈ। ਜਦ ਕਿ ਇਕਾਈ ਦੇ ਨੁਮਾਇੰਦੇ ਨੇ ਦਸਿਆ ਕਿ ਤਹਿਸੀਲਦਾਰ ਵੱਲੋ ਇਹ ਰਿਪੋਰਟ ਭੇਜੀ ਜਾ ਚੁੱਕੀ ਹੈ। ਚੇਅਰਮੈਨ ਜੀ ਵਲੋ ਡੀ.ਟੀ.ਪੀ ਨੂੰ ਆਦੇਸ਼ ਦਿਤੇ ਗਏ ਕਿ ਉਹ ਇਸ ਬਾਰੇ ਚੈਕ ਕਰਕੇ ਰਿਪੋਰਟ ਤਰੁੰਤ ਪੇਸ਼ ਕਰਨ।

## 5. <u>ਪੀ..ਐਸ.ਆਈ.ਈ.ਸੀ</u>

**5.1 <u>ਪੀ.ਐਸ.ਆਈ.ਈ.ਸੀ ਦੀ ਵੈਬਸਾਈਟ ਅਪਡੇਟ ਕਰਨ ਬਾਰੇ ਅਤੇ ਮੀਟਿੰਗਾਂ ਵਿਚ ਲਏ ਗਏ ਫੈਸਲਿਆਂ ਨੂੰ ਸਰਕੂਲੇਟ ਨਾ ਕਰਨ ਬਾਬਤ :-</u>** ਜਨਰਲ ਮੈਨੇਜਰ ਜ਼ਿਲਾ ਉਦਯੋਗ ਕੇਦਰ ਵਲੋ ਦਸਿਆ ਗਿਆ ਕਿ ਇਸ ਬਾਰੇ ਪੀ.ਐਸ.ਆਈ.ਈ.ਸੀ ਵਲੋ ਯੋਗ ਕਾਰਵਾਈ ਕੀਤੀ ਜਾਣੀ ਹੈ ਜਿਸਦੇ ਸਬੰਧ ਵਿੱਚ ਅਸਟੇਟ ਅਫਸਰ ਨੂੰ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ।

## 6. <u>ਟ੍ਰੈਫਿਕ ਪੁਲਿਸ,ਲੁਧਿਆਣਾ ਨਾਲ ਸਬੰਧਤ ਨੁੱਕਤੇ</u>

**6.1 <u>ਫਿਰੋਜ ਗਾਂਧੀ ਮਾਰਕੀਟ ਵਿਖੇ ਟ੍ਰੈਫਿਕ ਦੀ ਸਮੱਸਿਆ ਬਾਰੇ:-</u>** ਪੁਲਿਸ ਵਿਭਾਗ ਦੇ ਅਧਿਕਾਰੀ ਨੇ ਦਸਿਆ ਕਿ ਉਨ੍ਹਾਂ ਵੱਲੋ ਟ੍ਰੈਫਿਕ ਸਮੱਸਿਆ ਨੂੰ ਦੂਰ ਕਰਨ ਲਈ ਯੋਗ ਕਾਰਵਾਈ ਕੀਤੀ ਜਾ ਰਹੀ ਹੈ।

ਸ੍ਰੀ ਜੋਗਿੰਦਰ ਕੁਮਾਰ, ਪ੍ਰਧਾਨ ਵੱਲੋ ਦਸਿਆ ਗਿਆ ਕਿ ਨਗਰ ਨਿਗਮ ਜਾਂ ਪੀ ਆਈ.ਡੀ. ਈਵੱਲੋ ਫਿਰੋਜ ਗਾਂਧੀ ਮਾਰਕੀਟ ਵਿਖੇ ਪੀ.ਪੀ.ਪੀ ਮੋਡਲ ਦੇ ਤਹਿਤ ਪਰਕਿੰਗ ਸੁਵਿਧਾ ਵਿਕਸਤ ਕੀਤੀ ਜਾਵੇ। ਚੇਅਰਮੈਨ ਜੀ ਵੱਲੋ ਨਗਰ ਨਿਗਮ ਦੇ ਅਧਿਕਾਰੀ ਨੂੰ ਇਸ ਸਬੰਧੀ ਲੋੜੀਦੀ ਕਾਰਵਾਈ ਕਰਨ ਦਾ ਸੁਝਾਅ ਦਿੱਤਾ ਗਿਆ ।

ਐਸੋਸੀਏਸ਼ਨ ਵੱਲੋ ਇਹ ਵੀ ਮੁੱਦਾ ਉਠਾਇਆ ਗਿਆ ਕਿ ਜਿਹੜੀਆਂ ਪਾਰਕਿੰਗਜ ਨਗਰ ਨਿਗਮ ਵੱਲੋ ਵਿਕਸਤ ਵੀ ਕੀਤੀਆਂ ਗਈਆਂ ਹਨ ਉਸ ਜਗ੍ਹਾ ਤੇ ਸਬੰਧਤ ਠੇਕੇਦਾਰ ਵੱਲੋ ਆਪਣੀ ਮਰਜ਼ੀ ਅਨੁਸਾਰ ਰੇਟ ਚਾਰਜ ਕੀਤਾ ਜਾ ਰਿਹਾ ਹੈ। ਚੇਅਰਮੈਨ ਜੀ ਵੱਲੋ ਨਗਰ ਨਿਗਮ ਦੇ ਅਧਿਕਾਰੀ ਨੂੰ ਆਦੇਸ਼ ਦਿੱਤੇ ਕਿ ਉਹ ਅਜਿਹੀਆਂ ਪਾਰਕਿੰਗਜ ਤੇ ਲਾਗੂ ਪ੍ਰਵਾਨਿਤ ਰੇਟ ਦੀ ਲਿਸਟ ਢੁੱਕਵੀਆਂ ਜਗ੍ਹਾ ਤੇ ਡਿਸਪਲੇਅ ਕਰਨਾ ਯਕੀਨੀ ਬਣਾਉਣ।

**6.2 <u>ਗਿੱਲ ਰੋਡ ਤੇ ਰੇਤੇ ਦੀਆਂ ਟਰਾਲੀਆਂ ਦੀ ਨਜਾਇਜ ਪਾਰਕਿੰਗ ਬਾਰੇ:-</u>** ਪੁਲਿਸ ਵਿਭਾਗ ਦੇ ਅਧਿਕਾਰੀ ਨੇ ਦਸਿਆ ਕਿ ਇਸ ਜਗ੍ਹਾ ਤੇ ਟਰਾਲੀ ਵਾਲਿਆਂ ਨੇ ਆਪਣਾ ਵੱਖਰਾ ਪਲਾਟ ਲੈ ਲਿਆ ਹੈ ਅਤੇ ਜੇ ਫਿਰ ਵੀ ਕੋਈ ਨਜਾਇਜ ਪਾਰਕਿੰਗ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ।(ਸੋ ਇਹ ਮੁੱਦਾ ਡਰਾਪ ਕਰਨ ਦਾ ਫੈਸਲਾ ਲਿਆ ਗਿਆ ਹੈ)।

**6.3 <u>ਇੰਡਲ:ਏਰੀਆ-ਏ (ਐਕਸਟੈਂਸ਼ਨ) ਟੈਕਸਟਾਈਲ ਕਲੋਨੀ ਵਿਖੇ ਟਰਾਂਸਪੋਰਟਰਾਂ ਦੁਆਰਾ ਨਜਾਇਜ਼ ਪਾਰਕਿੰਗ ਕਾਰਨ ਮੁਸ਼ਕਲ ਪੇਸ਼ ਆਉਣ ਬਾਰੇ:-</u>** ਅਸਟੇਟ ਅਫਸਰ ਇੰਮਪੂਵਮੈਂਟ ਟਰੱਸਟ, ਲੁਧਿਆਣਾ ਨੇ ਆਪਣੇ

ਪੱਤਰ ਨੰ: 721, ਮਿਤੀ 9–2–11 ਰਾਹੀ ਮੀਟਿੰਗ ਦੌਰਾਨ ਸੂਚਿਤ ਕੀਤਾ ਕਿ ਇੰਡ ਏਰੀਆ–ਏ ਐਕਸਟੈਨਸ਼ਨ ਸਕੀਮ ਤੇ ਲਾਗੂ ਸ਼ਡਿਊਲ ਆਫ ਕਲਾਜ਼ਿਜ਼ ਦੇ ਅਨੁਸਾਰ Land use Industrial Building/or warehouse shall include a factory, a workshop or motor garage and any building used for bulk storage ਹੈ।ਸੋ ਫੈਸਲਾ ਲਿਆ ਗਿਆ ਕਿ ਇਸ ਅਨੁਸਾਰ ਸਬੰਧਤ ਜੱਥੇਬੰਦੀ ਨੂੰ ਸੂਚਿਤ ਕਰ ਦਿੱਤਾ ਜਾਵੇ।ਪਾਰਕਿੰਗ ਦੀ ਸਮੱਸਿਆ ਬਾਰੇ ਪੁਲਿਸ ਵਿਭਾਗ ਦੇ ਅਧਿਕਾਰੀ ਵੱਲੋ ਦਸਿਆ ਗਿਆ ਕਿ ਉਨ੍ਹਾਂ ਵੱਲੋ ਯੋਗ ਕਾਰਵਾਈ ਕੀਤੀ ਜਾ ਰਹੀ ਹੈ। ਮੀਟਿੰਗ ਵਿੱਚ ਜੱਥੇਬੰਦੀ ਦਾ ਕੋਈ ਨੁਮਾਂਇੰਦਾ ਸ਼ਾਮਲ ਨਹੀ ਹੋਇਆ, ਇਸ ਕਰਕੇ ਮੁੱਦਾ ਡਰਾਪ ਕਰਨ ਦਾ ਫੈਸਲਾ ਲਿਆ ਗਿਆ।

## 7.ਪੀ.ਪੀ.ਸੀ.ਬੀ.ਵਿਭਾਗ ਨਾਲ ਸਬੰਧਤ ਨਵੇ ਨੁੱਕਤੇ:–

**(I)** ਸ਼੍ਰੀ ਰਜਨੀਸ਼ ਅਹੂਜਾ,ਪ੍ਰਧਾਨ, ਫੋ:ਪੁ: ਐਸੋਸੀਏਸ਼ਨ ਨੇ ਦਸਿਆ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋ ਮੌਜੂਦਾ ਇਕਾਈਆਂ ਨੂੰ ਕਨਸੈਟ ਦੇਣ ਸਮੇ ਬਿਲਡਿੰਗ ਕੰਪਲੀਸ਼ਨ ਪਲੈਨ ਦੀ ਮੰਗ ਕੀਤੀ ਜਾ ਰਹੀ ਹੈ ਜੋ ਕਿ ਉਚਿਤ ਨਹੀ ਜਾਪਦੀ ਕਿਉਂਕਿ ਫੈਕਟਰੀ ਬਿਲਡਿੰਗਾਂ ਬਹੁਤ ਪੁਰਾਣੀਆਂ ਬਣੀਆਂ ਹੋਈਆਂ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਨੇ ਦਸਿਆ ਕਿ ਇਹ ਦਸਤਾਵੇਜ਼ ਹਾਈ ਕੋਰਟ ਵੱਲੋ ਜਾਰੀ ਹੁਕਮਾਂ ਤਹਿਤ ਮੰਗਿਆ ਜਾ ਰਿਹਾ ਹੈ ਜੋ ਕਿ ਕੇਵਲ ਐਕਸਪੈਨਸ਼ਨ ਕਰਨ ਵਾਲੀਆਂ ਇਕਾਈਆਂ ਤੇ ਹੀ ਲਾਗੂ ਕੀਤਾ ਗਿਆ ਹੈ।

ਚੇਅਰਮੈਨ ਵੱਲੋ ਵਿਭਾਗ ਦੇ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਮੌਜੂਦਾ ਇਕਾਈਆਂ ਤੇ ਇਹ ਫੈਸਲਾ ਲਾਗੂ ਕਰਨ ਬਾਰੇ ਕਾਨੂੰਨੀ ਪਖੋ ਦੁਬਾਰਾ ਪੜਤਾਲ ਕਰ ਲਈ ਜਾਵੇ।ਇਸ ਉਪਰ ਲਲਿਤ ਸ਼ਰਮਾ, ਡਾਇਰੈਕਟਰ, ਪੀ.ਪੀ.ਸੀ.ਬੀ.ਨੇ ਸਹਿਮਤੀ ਦਿੰਦੇ ਹੋਏ ਦਸਿਆ ਕਿ ਉਹ ਇਸ ਮੁੱਦੇ ਨੂੰ ਬੋਰਡ ਦੀ ਅਗਲੀ ਮੀਟਿੰਗ ਵਿੱਚ ਕਾਨੂੰਨੀ ਪੱਖ ਤੋ ਵਿਚਾਰ ਕਰਨ ਲਈ ਰੱਖਣਗੇ।

**(2)** ਚੇਅਰਮੈਨ ਵੱਲੋ ਪਿੰਡ ਮੇਹਰਬਾਨ ਵਿਖੇ ਡਾਇੰਗ ਨਾਲ ਸਬੰਧਤ ਇਕਾਈਆਂ ਵੱਲੋ ਆਪਣੀ ਫੈਕਟਰੀ ਦਾ ਪਾਣੀ ਸਿੱਧੇ ਤੌਰ ਤੇ ਕੈਨਾਲ ਵਿੱਚ ਸੁੱਟੇ ਜਾਣ ਬਾਬਤ ਮਿਲੀ ਸ਼ਕਾਇਤ ਦਾ ਜ਼ਿਕਰ ਕਰਦਿਆਂ ਪੀ.ਪੀ.ਸੀ.ਬੀ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਬਾਰੇ ਪੜਤਾਲ ਕਰਕੇ ਆਪਣੀ ਰਿਪੋਰਟ ਪੇਸ਼ ਕਰਨ।

**(3)** ਸ੍ਰੀ ਓ.ਪੀ.ਬੱਸੀ ਪ੍ਰਧਾਨ ਵਲੋ ਦਸਿਆ ਗਿਆ ਕਿ ਜਿਹੜੀਆਂ ਇਕਾਈਆਂ ਦੀ ਪੀਪੀਸੀਬੀ ਵਿਭਾਗ ਨਾਲ ਸਬੰਧਤ ਕਨਸੈਟ ਦਾ ਸਮਾਂ ਪੂਰਾ ਹੋ ਜਾਂਦਾ ਹੈ ਉਨ੍ਹਾਂ ਬਾਰੇ ਐਡਵਾਂਸ ਨੋਟਿਸ ਵਿਭਾਗ ਵੱਲੋ ਸਬੰਧਤ ਪਾਰਟੀ ਨੂੰ ਭੇਜੇ ਜਾਣੇ ਚਾਹੀਦੇ ਹਨ।

ਚੇਅਰਮੈਨ ਜੀ ਵੱਲੋ ਉਦਯੋਗਿਕ ਇਕਾਈਆਂ ਦੀ ਇਸ ਮੰਗ ਨੂੰ ਵਾਜਬ ਮੰਨਦੇ ਹੋਏ ਪੀ.ਪੀ.ਸੀ.ਬੀ.ਦੇ ਅਧਿਕਾਰੀਆਂ ਨੂੰ ਲੋੜੀਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ।

**(4)** ਸ੍ਰੀ ਗੁਰਵੰਤ ਸਿੰਘ, ਪ੍ਰਧਾਨ ਸਮਾਲ ਸਕੇਲ ਮੈਨੂਫੈਕਚਰਿੰਗ ਐਸੋਸੀਏਸ਼ਨ ਵੱਲੋ ਦਸਿਆ ਗਿਆ ਕਿ ਪੀ ਪੀ.ਸੀ.ਬੀ ਵਿਭਾਗ ਵੱਲੋ ਸਹਿਰ ਵਿੱਚ ਉਦਯੋਗਿਕ ਮਿਕਸਡ ਜ਼ੋਨ ਵਿੱਚ ਸਥਾਪਿਤ ਇਕਾਈਆਂ ਨੂੰ ਸ਼ੋਰ ਜਿਆਦਾ ਹੋਣ ਦੇ ਆਧਾਰ ਤੇ ਨੋਟਿਸ ਜਾਰੀ ਕੀਤੇ ਜਾਂਦੇ ਹਨ ਅਤੇ ਨਜਾਇਜ ਤੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਵੱਲੋ ਦਸਿਆ ਗਿਆ ਕਿ ਇੰਡਸਟਰੀਅਲ ਮਿਕਸਡ ਜੋਨ ਵਿੱਚ ਵੀ ਅਗਰ ਕੋਈ ਵੀ ਸ਼ਿਕਾਇਤ ਕਰਦਾ ਹੈ ਤਾਂ ਪੀ ਪੀ.ਸੀ.ਬੀ ਵਿਭਾਗ ਉਸਨੂੰ ਬਿਨਾਂ ਜਾਂਚ-ਪੜਤਾਲ ਕੀਤੇ ਇਕਾਈ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੰਦੇ ਹਨ।

ਚੇਅਰਮੈਨ ਜੀ ਵੱਲੋ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਕਿ ਅਜਿਹੀ ਸ਼ਿਕਾਇਤ ਪ੍ਰਾਪਤ ਹੋਣ ਤੇ ਵਿਭਾਗ ਵੱਲੋ ਪਹਿਲਾਂ ਮੁਢਲੀ ਪੜਤਾਲ ਆਪਣੀ ਪੱਧਰ ਤੇ ਕਰਨ ਤੋ ਬਾਅਦ ਹੀ ਇਕਾਈ ਵਿਰੁੱਧ ਕਾਰਵਾਈ ਕੀਤੀ ਜਾਇਆ ਕਰੇ।

**(ਜਨਰਲ ਮੁੱਦੇ)** ਸ੍ਰੀ ਜੋਗਿੰਦਰ ਕੁਮਾਰ,ਪ੍ਰਧਾਨ ਵੱਲੋ ਬੇਨਤੀ ਕੀਤੀ ਗਈ ਕਿ ਮੀਟਿੰਗ ਦਾ ਅਜੰਡਾ ਤਿਆਰ ਕਰਨ ਤੋ ਪਹਿਲਾਂ ਉਨ੍ਹਾਂ ਨੂੰ ਮੀਟਿੰਗ ਬਾਰੇ ਸੂਚਿਤ ਕਰ ਦਿੱਤਾ ਜਾਇਆ ਕਰੇ ਤਾਂ ਜੋ ਉਹ ਆਪਣਾ ਮੁੱਦਾ ਅਜੰਡੇ ਵਿੱਚ ਸ਼ਾਮਲ ਕਰਨ ਲਈ ਭੇਜ ਸਕਣ।ਚੇਅਰਮੈਨ ਜੀ ਵੱਲੋ ਇਸ ਸਬੰਧੀ ਆਪਣੀ ਸਹਿਮਤੀ ਪ੍ਰਗਟਾਈ ਗਈ ਅਤੇ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਦਰ ਨੂੰ ਲੋੜੀਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ।

ਚੇਅਰਮੈਨ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਸਮਾਪਤ ਕੀਤੀ ਗਈ।

ਡਿਪਟੀ ਕਮਿਸ਼ਨਰ,

ਲੁਧਿਆਣਾ।